## ਹਮਲਾਵਰ ਕਿਉਟੀਆਂ ਦੀ ਸ਼ਿਕਾਇਤ ਕਰੋ

ਸ਼ਿਕਾਇਤ ਕਰਨ ਲਈ ਪਾਣੀ, ਜ਼ਮੀਨ ਅਤੇ ਹਵਾ ਦੀ ਦੇਖਭਾਲ ਦੀ ਮਨਿਸਟਰੀ ਨੂੰ ਫੋਨ ਕਰੋ 604-582-5200 ਅਤੇ ਜਾਣਕਾਰੀ ਦੇਵੋ। ਹਮਲਾਵਰ ਕਿਉਟੀਆਂ ਨੂੰ ਕਨਜ਼ਰਵੇਸ਼ਨ ਅਫਸਰ  ਹਟਾ ਦਿੰਦੇ ਹਨ।

## ਹੋਰ ਜਾਣਕਾਰੀ ਲਈ

ਜਾਣਕਾਰੀ ਨੰਬਰ

604 681 9453

ਵੈਬਸਾਈਟ:
www.stanleyparkecology.ca

ਈ-ਮੇਲ:
coyotes@stanleyparkecology.ca

ਕਿਰਪਾ ਕਰਕੇ ਅੰਗਰੇਜ਼ੀ ਵਿਚ ਸੰਪਰਕ ਕਰੋ ਜੀ

## ਸਹਿਯੋਗੀ

Stanley Park  Ecology Society
PO Box 5167, Vancouver BC, V6B 4B2
(604) 257-6908

Translated by: Surjit Singh Nishan

# ਕਿਉਟੀ ਦੇ ਨਾਲ ਰਹਿਣਾ

## ਸਾਡੇ ਸ਼ਹਿਰ ਵਿਚ ਕਿਉਟੀ ਹਨ?



1980 ਦੇ ਪਿਛਲੇਰੇ ਸਾਲਾਂ ਵਿਚ ਵੈਨਕੂਵਰ ਸ਼ਹਿਰ ਵਿਚ ਪਹਿਲੇ ਕਿਉਟੀ ਦੇਖੇ ਗਏ ਸੀ ਅਤੇ ਹੁਣ ਸਭ ਲੋਅਰ ਮੇਨਲੈਂਡ ਸ਼ਹਿਰਾਂ ਵਿਚ ਰਹਿੰਦੇ ਹਨ। ਇਹ ਹਿੰਦੋਸਤਾਨੀ ਗਿਦੜਾਂ ਵਰਗੇ ਹਨ।

## ਕਿਉਟੀ ਦੇਖਣ ਨੂੰ ਕਿਸਤਰਾਂ ਦੇ ਲਗਦੇ ਹਨ?



- ਵਡੇ,ਖੜੇ ਅਤੇ ਨੁਕੀਲੇ ਕੰਨ।
- ਮੋਟੀ ਪੂਛ ਜਿਹੜੀ ਭੱਜਣ ਵੇਲੇ ਨੀਂਵੀਂ ਕਰ ਲੈਂਦੇ ਹਨ।
- ਮੂੰਹ ਪਤਲੇ।
- ਸੁਨਿਹਰੀ ਭੂਰੀਆਂ ਅੱਖਾਂ।
- ਲਾਲ ਭੂਰੀ ਜਾਂ ਸੁਰਮੀ ਰੰਗ ਦੀ ਖੱਲ।
- ਲੋਅਰ ਮੇਨਲੈਂਡ ਦੇ ਕਿਉਟੀਆਂ ਦਾ ਭਾਰ 9-16 ਕਿਲੋਗਰਾਮ  (20-35ਪੌਂਡ) ਹੁੰਦਾ ਹੈ।



## ਕਿਉਟੀਆਂ ਇਥੇ ਕਿਉਂ ਨੇਂ ?

ਕਿਉਟੀਆਂ ਦੇ ਵਸਣ ਦਾ ਵਾਤਾਵਰਣ ਜਿਨ੍ਹਾਂ ਸ਼ਹਿਰਾਂ ਵਿਚ ਹੋਵੇਗਾ ਉਹਨਾਂ ਸ਼ਹਿਰਾਂ ਵਿਚ ਕਿਉਟੀ ਹੋਣਗੇ। ਕਿਉਟੀ ਉਤੱਰੀ ਅਮਰੀਕਾ ਦੇ ਸਭ ਸ਼ਹਿਰਾਂ ਵਲ ਖਿਚੇ ਚਲੇ ਆਉਂਦੇ ਹਨ ਕਿਉਂਕਿ ਖਾਣ ਦੇ ਲਈ ਖੁਰਾਕ (ਚੂਹੇ,ਕੂੜਾ,ਫਲਾਂ ਦੇ ਦਰਖਤ ) ਅਤੇ ਰਹਿਨ ਲਈ ਵਾਤਾਵਰਣ (ਬਾਗ,ਗੌਲਫ ਕੋਰਸ,ਦਰਖ਼ਤਾਂ ਵਾਲੀ ਖਾਲੀ ਥਾਂ ) ਸਭ ਮਿਲ ਜਾਂਦੇ ਹਨ।

## ਤੁਸੀਂ ਸੋਚੋ ਰਾਤ ਦਾ ਖਾਣਾ ਖਾਣ ਲਈ ਤੁਹਾਡੇ ਘਰ ਦੇ ਦੁਆਲੇ ਕੌਣ ਆਉਂਦਾ ਹੈ ?

ਅਗਰ ਤੁਸੀਂ ਆਪਣੇ ਗੁਆਂਡ ਵਿਚ ਕਿਉਟੀ ਦੇਖੋ ਤਾਂ ਉਹਨਾਂ ਨੂੰ ਭਜਾਉਣ ਦੀ ਕੋਸ਼ਿਸ਼ ਕਰੋ। ਤੁਸੀਂ ਗੁਆਂਡ ਵਿਚੋਂ ਕਿਉਟੀਆਂ ਹਟਾਉਣ ਲਈ ਹੇਠ ਲਿਖੇ ਕੰਮ ਕਰੋ:

- ਖੁੱਲੇ ਕੂੜੇ ਨੂੰ ਬੰਦ ਕਰੋ।
- ਆਪਣੇ ਜਾਨਵਰ ਦੀ ਖੁਰਾਕ ਅੰਦਰ ਰੱਖੋ ।
- ਜਿਹੜਾ ਤੁਹਾਡੇ ਦਰਖ਼ਤਾਂ ਤੋਂ ਫਲ ਡਿਗਦਾ ਹੈ ਉਸ ਨੂੰ ਚੁੱਕ ਲਵੋ।
- ਆਪਣੇ ਘਰ ਦਾ ਆਲਾ ਦੁਆਲਾ ਸਾਫ਼ ਰੱਖੋ ਤਾਂਕਿ ਚੂਹੇ ਨਾਂ ਆ ਸਕਣ।

## ਸਾਵਧਾਨ ਰਵੋ

ਕਿਉਟੀਆਂ ਦਿਨੇ ਰਾਤ ਕਿਸੇ ਵੇਲੇ ਤੁਰੇ ਫਿਰਦੇ ਰਹਿ ਸਕਦੇ ਹਨ। ਜੇਕਰ ਤੁਸੀਂ ਕਿਉਟੀਆਂ ਦੇ ਮੂੰਹ ਮਥੇ ਲੱਗਣ ਤੋਂ ਡਰਦੇ ਹੋ ਤਾਂ ਆਪਣੇ ਕੋਲ ਉਹਨਾਂ ਦਾ ਇਲਾਜ ਰਖੋ। ਇਹਨਾਂ ਨੂੰ ਡਰਾਉਣ ਲਈ ਆਪਣੇ ਕੋਲ ਝਾੜੂ, ਭਾਂਡੇ,ਗੇਂਦ,ਟੀਨ ਦੇ ਡੱਬੇ ਜਾਂ ਕਾਲੀ ਮਿਰਚ ਦੀ ਸਪਰੇ ਕੈਨ ਰੱਖੋ। ਇਹਨਾਂ ਨੂੰ ਭਜਾਉਣ ਲਈ ਜਿਹੜੀ ਚੀਜ਼ ਤੁਸੀਂ ਮੁਨਾਸਬ ਸਮਝੋ ਉਹ ਵਰਤੋ।

## ਅਗਰ ਕਿਉਟੀ ਤੁਹਾਡੇ ਨਜ਼ਦੀਕ ਆਵੇ ਤਾਂ:

- ਆਪਣੇ ਆਪ ਨੂੰ ਉਚੇ ਤੇ ਚੌੜੇ ਬਣਾ ਕੇ ਦਿਖਾਓ (ਜੇ ਕਰ ਬੈਠੇ ਹੋ ਤਾਂ ਖੜੇ ਹੋ ਜਾਵੋ)
- ਬਾਹਵਾਂ ਜ਼ੋਰ ਜ਼ੋਰ ਨਾਲ ਹਿਲਾ ਕੇ ਡਰਾਓ ਅਤੇ ਸਿਵਾਏ ਉਹਦੇ ਖਾਣ ਪੀਣ ਦੀ ਚੀਜ਼ ਦੇ ਹੋਰ ਸਭ ਚੀਜ਼ਾਂ ਨਾਲ ਉਸ ਨੂੰ ਮਾਰੋ।
- ਜ਼ੋਰ ਜ਼ੋਰ ਦੀ ਗਰਜੋ ਅਤੇ ਉਚੀ ਉਚੀ ਡਰਾਉਣੀ ਅਵਾਜ਼ ਕੱਡੋ।
- ਕਦੀ ਭੱਜੋ ਨਾਂ।

## ਬੀ.ਸੀ. ਵਿਚ ਕਿਉਟੀਆਂ ਦੇ ਹਮਲੇ

ਬੀ.ਸੀ. ਵਿਚ ਸਿਰਫ ਮੁਠੀ ਭਰ ਲੋਕਾਂ ਨੇ ਹੀ ਕਿਉਟੀ ਦੇ ਕੱਟਣ ਦੀ ਸ਼ਿਕਇਤ ਕੀਤੀ ਹੈ। ਜ਼ਿਆਦਾਤਰ ਬਚਿਆਂ ਨੂੰ ਉਹਨਾਂ ਕਿਉਟੀਆਂ ਨੇ ਕਟਿਆ ਹੈ ਜਿਹਨਾਂ ਨੂੰ ਆਮ ਲੋਕਾਂ ਨੇ ਆਪਣੇ ਹਥੀਂ ਖਿਲਾਇਆ ਪਿਲਾਇਆ ਹੈ। ਕਿਉਟੀਆਂ ਨੂੰ ਖੁਅਉਣ ਨਾਲ ਸਾਰੀ ਕਮਿਉਨਿਟੀ ਨੂੰ ਖ਼ਤਰਾ ਬਣਦਾ ਹੈ ਅਤੇ ਇਸ ਲਈ $345 ਡਾਲਰ ਜੁਰਮਾਨੇ ਦੀ ਸਜ਼ਾ ਦਿਤੀ ਜਾ ਸਕਦੀ ਹੈ।